# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਵਿਖੇ ਆਲ ਇੰਡੀਆ ਮੁਸ਼ਾਇਰਾ 'ਬਜ਼ਮ-ਏ-ਸ਼ੇਅਰ-ਓ-ਤਰਬ' ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼




ਫ਼ਰੀਦਕੋਟ 26 ਮਾਰਚ : ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ ਦੇ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਦੀ ਯੋਗ ਰਹਿਨੁਮਾਈ ਹੇਠ ਸੰਗੀਤ ਅਤੇ ਸਾਹਿਤ ਨੂੰ ਸਮਰਪਿਤ ਸੰਸਥਾ ਸੁਰ-ਆਂਗਨ ਦੇ ਸਾਂਝੇ ਉਪਰਾਲੇ ਨਾਲ ਕਾਲਜ ਵਿਖੇ ਮਿਤੀ 24 ਮਾਰਚ 2026 ਨੂੰ ਆਲ ਇੰਡੀਆ ਮੁਸ਼ਾਇਰੇ 'ਬਜ਼ਮ-ਏ-ਸ਼ੇਅਰ-ਓ-ਤਰਬ' ਦਾ ਆਯੋਜਨ ਕੀਤਾ ਗਿਆ। ਇਸ ਮੁਸ਼ਾਇਰੇ ਵਿੱਚ ਹਿੰਦੁਸਤਾਨ ਦੇ ਪੰਜਾਬੀ, ਹਿੰਦੀ ਅਤੇ ਉਰਦੂ ਦੇ ਨਾਮਵਰ ਸ਼ਾਇਰਾਂ ਅਤੇ ਕਵੀਆਂ ਨੇ ਸ਼ਿਰਕਤ ਕੀਤੀ। ਇਸ ਮੁਸ਼ਾਇਰੇ ਦਾ ਆਗਾਜ਼ ਸੁਰ-ਆਂਗਨ ਦੇ ਕਲਾਕਾਰਾਂ ਵੱਲੋਂ ਸੰਗੀਤਿਕ ਸ਼ਮਾ ਰੌਸ਼ਨ ਕਰਕੇ ਹੋਇਆ ਜਿਸ ਵਿੱਚ ਸਭ ਤੋਂ ਪਹਿਲਾਂ ਸੁਰ-ਆਂਗਨ ਦੀ ਧੁਨੀ ਦਾ ਗਾਇਨ ਹੋਇਆ। ਇਸ ਉਪਰੰਤ ਹਰਸ਼ਵਰਧਨ ਵੱਲੋਂ ਡਾ. ਰਾਜੇਸ਼ ਮੋਹਨ ਦੀ ਰਚਨਾ 'ਸ਼ਾਇਰ ਕਹਿਣ ਕਮਾਲ ਦਾ ਨਗਮਾ ਬਣਾ ਲਿਆ' ਪੇਸ਼ ਕੀਤੀ ਗਈ। ਇਸ ਤੋਂ ਬਾਅਦ ਪ੍ਰਸਿੱਧ ਪਾਕਿਸਤਾਨੀ ਕਲਾਕਾਰ ਸੁਰਈਆ ਮੁਲਤਾਨੀ ਦੀ ਇੱਕ ਰਚਨਾ 'ਬੜੇ ਬੇਮੁਰੱਬਤ ਹੈ ਯੇ ਹੁਸਨ ਵਾਲੇ' ਸੁਰ-ਆਂਗਨ ਦੀ ਹੋਣਹਾਰ ਕਲਾਕਾਰ ਕਿਰਨਦੀਪ ਵੱਲੋਂ ਪੇਸ਼ ਕੀਤੀ ਗਈ। ਇਸਦੇ ਨਾਲ ਹੀ ਸੁਰ-ਆਂਗਨ ਦੀ ਟੀਮ ਵੱਲੋਂ ਪੰਜਾਬੀ ਦੇ ਮਹਾਨ ਸ਼ਾਇਰ ਸੁਰਜੀਤ ਪਾਤਰ ਦੀ ਰਚਨਾ 'ਜਗਾ ਦੇ ਮੋਮਬੱਤੀਆਂ' ਪੇਸ਼ ਕੀਤੀ ਗਈ।

'ਬਜ਼ਮ-ਏ-ਸ਼ੇਅਰ-ਓ-ਤਰਬ' ਦੇ ਦੂਸਰੇ ਭਾਗ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਅਤੇ ਮਹਿਮਾਨ ਸ਼ਾਇਰ ਸਾਹਿਬਾਨ ਨੇ ਸ਼ਮਾ ਰੌਸ਼ਨ ਕੀਤੀ ਅਤੇ ਇਸ ਉਪਰੰਤ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਨੇ ਆਏ ਹੋਏ ਸ਼ਾਇਰਾਂ ਨੂੰ ਰਸਮੀ ਤੌਰ ਤੇ ਨੂੰ 'ਜੀ ਆਇਆਂ' ਕਿਹਾ। ਇਸ ਦੌਰਾਨ ਬਟਾਲੇ ਤੋਂ ਸੁਰਿੰਦਰ ਸਿੰਘ, ਸ਼੍ਰੀ ਮੁਕਤਸਰ ਸਾਹਿਬ ਤੋਂ ਸ਼੍ਰੀ ਸਤੀਸ਼ ਬੇਦਾਗ, ਚੰਡੀਗੜ੍ਹ ਤੋਂ ਮੁਸੱਵਰ ਫ਼ਿਰੋਜ਼ਪੁਰੀ, ਫ਼ਿਰੋਜ਼ਪੁਰ ਤੋਂ ਹਰਮੀਤ ਵਿਦਿਆਰਥੀ, ਜਲੰਧਰ ਤੋਂ ਸ਼੍ਰੀ ਪ੍ਰਮੋਦ ਕਾਫ਼ਿਰ, ਫ਼ਰੀਦਕੋਟ ਤੋਂ ਸ਼ਾਇਰ ਮਨਜੀਤ ਪੁਰੀ, ਅਤੇ ਉਚੇਚੇ ਤੌਰ ਤੇ ਮੁੰਬਈ ਤੋਂ ਆਈ ਸ਼ਾਇਰਾ ਰੁਚੀ ਡਰੋਲੀਆ ਨੇ ਆਪਣਾ ਕਲਾਮ ਪੜ੍ਹਿਆ। ਮੁਸ਼ਾਇਰੇ ਦੀ ਸਦਾਰਤ ਕਰਦੇ ਹੋਏ ਪੰਜਾਬੀ ਦੇ ਮਸ਼ਹੂਰ ਸ਼ਾਇਰ ਵਿਜੇ ਵਿਵੇਕ ਨੇ ਆਪਣੀ ਸ਼ਾਇਰੀ ਨਾਲ ਕਾਲਜ ਦੇ ਵਿਦਿਆਰਥੀਆਂ ਅਤੇ ਸ਼ਾਇਰੀ ਦੇ ਸ਼ੌਕੀਨ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਬਤੌਰ ਸ਼ਾਇਰ ਕਾਲਜ ਦੇ ਪ੍ਰਿੰਸੀਪਲ ਡਾ. ਰਾਜੇਸ਼ ਮਹੋਨ ਨੇ ਵੀ ਆਪਣਾ ਪੰਜਾਬੀ ਅਤੇ ਉਰਦੂ ਕਲਾਮ ਪੜ੍ਹਿਆ। ਅੰਤ ਵਿੱਚ ਕਾਲਜ ਦੇ ਪ੍ਰਿੰਸੀਪਲ ਤੇ ਸਮੂਹ ਸਟਾਫ਼ ਵੱਲੋਂ ਸਾਰੇ ਮਹਿਮਾਨ ਸ਼ਾਇਰ ਸਾਹਿਬਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸੰਗੀਤਕ ਅਤੇ ਅਦਬੀ ਪ੍ਰੋਗਰਾਮ ਵਿੱਚ ਸਾਹਿਲ ਤਗੋਰੀਆ ਨੇ ਤਬਲੇ ਤੇ, ਰਿਤੇਸ਼ ਰੋਨੀ ਨੇ ਗਿਟਾਰ ਤੇ ਸੰਗਤ ਕੀਤੀ, ਗਗਨਦੀਪ ਕੌਰ, ਨੂਰਪ੍ਰੀਤ ਕੌਰ, ਵੀਰਪਾਲ ਕੌਰ ਅਤੇ ਕਰਨਜੀਤ ਕੌਰ ਨੇ ਸਹਾਇਕ ਸਾਥੀ ਗਾਇਕਾਂ ਦੀ ਭੂਮਿਕਾ ਨਿਭਾਈ।

ਇਸ ਮੁਸ਼ਾਇਰੇ ਦਾ ਮੰਚ ਸੰਚਾਲਨ ਡਾ. ਰਾਜੇਸ਼ ਮੋਹਨ ਅਤੇ ਮਨਜੀਤ ਪੁਰੀ ਨੇ ਸਾਂਝੇ ਤੌਰ ਤੇ ਕੀਤਾ। ਇਸ ਬਜ਼ਮ ਤੋਂ ਪਹਿਲਾਂ ਕਾਲਜ ਭਾਸ਼ਾ ਮੰਚ ਅਤੇ ਸੰਗੀਤ ਤੇ ਲੋਕਨਾਚ ਕਲੱਬ ਦੇ ਸਹਿਯੋਗ ਨਾਲ ਕਾਲਜ ਦੇ ਵਿਦਿਆਰਥੀਆਂ ਵੱਲੋਂ ਇੱਕ ਰੰਗਾਰੰਗ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਦਾ ਮੰਚ ਸੰਚਾਲਨ ਪ੍ਰੋਫ਼ੈਸਰ ਬੀਰਇੰਦਰਜੀਤ ਸਿੰਘ ਅਤੇ ਪ੍ਰੋਫ਼ੈਸਰ ਮਨਵਿੰਦਰ ਕੌਰ ਵੱਲੋਂ ਕੀਤਾ ਗਿਆ। ਇੱਥੇ ਜਿਕਰਯੋਗ ਹੈ ਕਿ ਤਕਰੀਬਨ ਚਾਰ ਘੰਟੇ ਤੱਕ ਚੱਲਿਆ ਇਹ ਮੁਸ਼ਾਇਰਾ ਇਲਾਕੇ ਦੇ ਅਦਬੀ ਹਲਕਿਆਂ ਵਿੱਚ ਅਤੇ ਕਾਲਜ ਦੇ ਵਿਦਿਆਰਥੀਆਂ ਲਈ ਇੱਕ ਅਮਿੱਟ ਯਾਦਗਾਰ ਛੱਡ ਗਿਆ। ਇਸ ਮੁਸ਼ਾਇਰੇ ਦੇ ਵਿੱਚ ਵਿਸ਼ੇਸ਼ ਤੌਰ ਤੇ ਪੰਜਾਬੀ ਸ਼ਾਇਰੀ ਦੇ ਮਸ਼ਹੂਰ ਚੈਨਲ ਪੰਜਾਬੀਸਤਾਨ ਦੇ ਸੰਚਾਲਕ ਸਾਗਰ ਮਲਿਕ, ਅਰੁਣਾ ਰਣਦੇਵ, ਸਤੀਸ਼ ਰਣਦੇਵ, ਗੁਰਵਿੰਦਰ ਔਲਖ, ਸ਼ਹਿਰ ਦੇ ਪਤਵੰਤੇ ਸੱਜਣ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਸਰੋਤਿਆਂ ਵਜੋਂ ਸ਼ਾਮਿਲ ਹੋਏ। ਇਸ ਤੋਂ ਇਲਾਵਾ ਕਾਲਜ ਦੇ ਪ੍ਰੋਫ਼ੈਸਰ ਸਾਹਿਬਾਨ ਅਤੇ ਸਟਾਫ਼ ਵਿੱਚੋਂ ਪ੍ਰੋ. ਸੰਦੀਪ ਸਿੰਘ, ਪ੍ਰੋ. ਰਣਜੀਤ ਸਿੰਘ ਬਾਜਵਾ, ਡਾ. ਰੁਪਿੰਦਰਜੀਤ ਕੌਰ, ਪ੍ਰੋ. ਰਾਜੇਸ਼ਵਰੀ ਦੇਵੀ, ਪ੍ਰੋ. ਜਸਬੀਰ ਕੌਰ, ਪ੍ਰੋ. ਸੁਖਪਾਲ ਕੌਰ, ਪ੍ਰੋ. ਫ਼ੈਨੀ ਚਾਵਲਾ, ਪ੍ਰੋ. ਸੁਖਵਿੰਦਰ ਕੌਰ, ਡਾ. ਰਤਨ ਲਾਲ, ਸ਼੍ਰੀਮਤੀ ਕਰਮਜੀਤ ਕੌਰ ਨੇ ਮੁਸ਼ਾਇਰੇ ਨੂੰ ਸਫ਼ਲ ਬਣਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।

## ਲੁਧਿਆਣਾ ਵਿੱਚ ਜੀ.ਐਸ.ਟੀ ਵਿਭਾਗ ਵੱਲੋਂ ਓ.ਟੀ.ਐਸ ਸਕੀਮ ਬਾਰੇ ਟੈਕਸਦਾਤਾਵਾਂ ਨਾਲ ਕੀਤੀ ਗਈ ਮੀਟਿੰਗ

*ਪ੍ਰੀ-ਜੀ.ਐਸ.ਟੀ ਬਕਾਏ ਨਿਪਟਾਰਾ ਲਈ 31 ਮਾਰਚ ਤੱਕ ਸੁਨਹਿਰੀ ਮੌਕਾ*

*ਜੁਰਮਾਨੇ ਤੇ ਵਿਆਜ 'ਤੇ 100 ਪ੍ਰਤੀਸ਼ਤ ਅਤੇ 50 ਪ੍ਰਤੀਸ਼ਤ ਟੈਕਸ ਛੋਟ ਨਾਲ ਬਕਾਏ ਨਿਪਟਾਰਾ ਕਰਨ ਲਈ ਨਾਲ ਓ.ਟੀ.ਐਸ ਸਕੀਮ ਲਾਗੂ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 26 ਮਾਰਚ: : ਜੀ.ਐਸ.ਟੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਲੁਧਿਆਣਾ ਦੇ ਹੰਬੜਾਂ ਰੋਡ ਏਰੀਆ, ਪ੍ਰਤਾਪ ਸਿੰਘ ਵਾਲਾ, ਸਾਊਥ ਸਿਟੀ, ਮਲਕਪੁਰ ਅਤੇ ਇਯਾਲੀ ਖੁਰਦ ਦੇ ਟੈਕਸਦਾਤਾਵਾਂ ਨਾਲ ਬੁੱਧਵਾਰ ਨੂੰ ਦੇਰ ਤੱਕ ਪੰਜਾਬ ਦੇ ਪ੍ਰੀ-ਜੀ.ਐਸ.ਟੀ ਬਕਾਏ ਅਧੀਨ ਇੱਕ ਵਾਰ ਦੇ ਨਿਪਟਾਰੇ (ਓ.ਟੀ.ਐਸ) ਸਕੀਮ ਦੇ ਲਾਭਾਂ ਬਾਰੇ ਮੀਟਿੰਗ ਕਰਕੇ ਚਰਚਾ ਕੀਤੀ ਗਈ। ਇਸ ਸਕੀਮ ਦੀ ਆਖਰੀ ਮਿਤੀ 31 ਮਾਰਚ, 2026 ਹੈ।



ਇਹ ਮੀਟਿੰਗ ਡਿਪਟੀ ਕਮਿਸ਼ਨਰ, ਰਾਜ ਜੀ.ਐਸ.ਟੀ ਵਿਭਾਗ ਸ਼੍ਰੀਮਤੀ ਰਣਧੀਰ ਕੌਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਅਤੇ ਸਹਾਇਕ ਕਮਿਸ਼ਨਰ, ਰਾਜ ਜੀ.ਐਸ.ਟੀ ਵਿਭਾਗ, ਲੁਧਿਆਣਾ-3 ਸ਼੍ਰੀਮਤੀ ਅਨੁਪ੍ਰੀਤ ਕੌਰ ਦੀ ਅਗਵਾਈ ਹੇਠ ਕਰਵਾਈ ਗਈ।

ਰਾਜ ਜੀ.ਐਸ.ਟੀ ਵਿਭਾਗ ਦੇ ਰਾਜ ਟੈਕਸ ਅਧਿਕਾਰੀ-ਕਮ ਅਧਿਕਾਰ ਖੇਤਰ ਅਧਿਕਾਰੀ ਸ੍ਰੀ ਹਰਦੀਪ ਸਿੰਘ ਆਹੂਜਾ ਨੇ ਓ.ਟੀ.ਐਸ ਦੇ ਲਾਭਾਂ ਦਾ ਜਿਕਰ ਕਰਦਿਆਂ ਟੈਕਸਦਾਤਾਵਾਂ ਲਈ ਰਾਹਤ ਨਾਲ ਆਪਣੇ ਬਕਾਏ ਦਾ ਨਿਪਟਾਰਾ ਕਰਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਏ.ਐਸ.ਟੀ.ਓ ਸ਼੍ਰੀ ਅਮਾਨਤ ਸਿੰਘ ਅਤੇ ਸ਼੍ਰੀ ਰਾਜੇਸ਼ ਕੁਮਾਰ ਵੀ ਮੌਜੂਦ ਸਨ। ਪੰਜਾਬ ਵਪਾਰ ਕਮਿਸ਼ਨ ਦੇ ਮੈਂਬਰ ਨੇ ਸਥਾਨਕ ਕਾਰੋਬਾਰੀਆਂ ਦੇ ਨਾਲ ਹਾਜ਼ਰੀਨ ਦੇ ਸਵਾਲਾਂ ਦਾ ਮੌਕੇ 'ਤੇ ਹੀ ਜਵਾਬ ਦਿੱਤਾ ਗਿਆ।

ਓ.ਟੀ.ਐਸ ਸਕੀਮ ਜੁਰਮਾਨੇ ਅਤੇ ਵਿਆਜ 'ਤੇ 100 ਪ੍ਰਤੀਸ਼ਤ ਛੋਟ ਅਤੇ ਬਕਾਇਆ ਟੈਕਸ 'ਤੇ 50 ਪ੍ਰਤੀਸ਼ਤ ਛੋਟ ਦੀ ਪੇਸ਼ਕਸ਼ ਕਰਦੀ ਹੈ, ਜਿਸ ਨਾਲ ਟੈਕਸਦਾਤਾਵਾਂ ਨੂੰ ਜੀ.ਐਸ.ਟੀ ਤੋਂ ਪਹਿਲਾਂ ਦੇ ਬਕਾਏ ਰਾਹਤ ਨਾਲ ਨਿਪਟਾਉਣ ਦੀ ਆਗਿਆ ਮਿਲਦੀ ਹੈ। ਇਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇੱਕ ਸੁਨਹਿਰੀ ਯੋਜਨਾ ਹੈ।

ਮੀਟਿੰਗ ਭਾਗੀਦਾਰਾਂ, ਹਾਜ਼ਰੀਨ, ਕਾਰੋਬਾਰੀਆਂ ਅਤੇ ਵਪਾਰੀਆਂ ਦੇ ਧੰਨਵਾਦ ਦੇ ਨਾਲ ਸਮਾਪਤ ਹੋਈ।

## "ਸਿਰਜਣਾ ਦੇ ਆਰ-ਪਾਰ" ਤਹਿਤ ਸੇਵਾ, ਸਮਰਪਣ ਭਰਪੂਰ ਡਾ ਇੰਦਰਜੀਤ ਕੌਰ ਨਾਲ ਰੂ ਬਰੂ "

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੈਂਪਟਨ, 26 ਮਾਰਚ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਮਹੀਨਾਵਾਰ ਪ੍ਰੋਗਰਾਮ "ਸਿਰਜਣਾ ਦੇ ਆਰ ਪਾਰ" 23 ਮਾਰਚ ਦਿਨ ਸੋਮਵਾਰ ਨੂੰ ਬੜੇ ਉਤਸ਼ਾਹ ਨਾਲ ਇਹ ਪ੍ਰੋਗਰਾਮ ਫਾਊਂਡਰ, ਪ੍ਰਧਾਨ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਅਦਬੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਆਰੰਭ ਵਿੱਚ ਰਮਿੰਦਰ ਰੰਮੀ ਨੇ ਆਏ ਹੋਏ ਮੈਂਬਰਜ਼ ਨੂੰ ਰਸਮੀ ਜੀ ਆਇਆਂ ਕਹਿੰਦਿਆਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹੋ ਰਹੇ ਪ੍ਰੋਗਰਾਮਾਂ ਦੇ ਬਾਰੇ ਵਿੱਚ ਜਾਣਕਾਰੀ ਸਾਂਝੀ ਕੀਤੀ। ਸੁਰਜੀਤ ਕੌਰ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਂਡਰ ਰਮਿੰਦਰ ਰਮੀ ਦੀ ਅਗਵਾਈ ਹੇਠ "ਸਿਰਜਣਾ ਦੇ ਆਰ-ਪਾਰ" ਪ੍ਰੋਗਰਾਮ ਤਹਿਤ ਪ੍ਰੋ. ਕੁਲਜੀਤ ਕੌਰ ਵੱਲੋਂ ਪਿੰਗਲਵਾੜਾ ਪਰਿਵਾਰ ਦੀ ਮੁਖੀ ਡਾ. ਇੰਦਰਜੀਤ ਕੌਰ ਨਾਲ ਵਿਸ਼ੇਸ਼ ਰੂਬਰੂ ਕਰਵਾਇਆ ਗਿਆ। ਇਹ ਉਹਨਾਂ ਦਾ ਪੰਜਾਹਵਾਂ ਰੂਬਰੂ ਸੀ, ਜੋ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਪ੍ਰੇਰਨਾਦਾਇਕ ਸਾਬਤ ਹੋਇਆ।

ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਸੱਭ ਮੈਂਬਰਜ਼ ਵੱਲੋਂ ਰਮਿੰਦਰ ਵਾਲੀਆ ਨੂੰ ਉਹਨਾਂ ਦੇ ਜਨਮ ਦਿਨ ਤੇ ਮਿਲ ਰਹੇ ਸਨਮਾਨਾਂ ਦੀ ਵਧਾਈ ਦਿੱਤੀ।

ਪੇਸ਼ੇ ਵਜੋਂ ਡਾਕਟਰ ਹੋਣ ਦੇ ਨਾਲ-ਨਾਲ ਡਾ. ਇੰਦਰਜੀਤ ਕੌਰ ਪਿੰਗਲਵਾੜੇ ਵਿੱਚ ਬੇਸਹਾਰਾ ਲੋਕਾਂ ਦੀ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾ ਰਹੀਆਂ ਹਨ। ਉਹਨਾਂ ਨੇ ਆਪਣੀ ਜ਼ਿੰਦਗੀ ਦੇ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਸੇਵਾ ਦੀ ਪ੍ਰੇਰਨਾ ਉਹਨਾਂ ਨੂੰ ਘਰੇਲੂ ਮਾਹੌਲ ਤੋਂ ਮਿਲੀ। ਪਿਤਾ ਹਰਬੰਸ ਸਿੰਘ ਆਯੁਰਵੈਦਿਕ ਡਾਕਟਰ ਸਨ ਅਤੇ ਮਾਂ ਬੀਬੀ ਰਣਜੀਤ ਕੌਰ ਵੀ ਨੇਕਦਿਲ ਰੂਹ ਸਨ। ਨਿਮਰਤਾ ਅਤੇ ਨੀਵਿਆਂ ਨੂੰ ਉੱਚਾ ਚੁੱਕਣ ਦੀ ਸੋਚ ਨਾਲ ਉਹ ਸੇਵਾ ਦੇ ਰਾਹ 'ਤੇ ਤੁਰ ਰਹੇ ਹਨ। ਉਨ੍ਹਾਂ ਨੇ ਤਿੰਨ ਪੁਸਤਕਾਂ ਵੀ ਲਿਖੀਆਂ।

ਉਹਨਾਂ ਨੇ ਦੱਸਿਆ ਕਿ ਪਿਤਾ ਜੀ ਦੀ ਮੌਤ ਤੋਂ ਬਾਅਦ ਉਹ ਭਗਤ ਪੂਰਨ ਸਿੰਘ ਨਾਲ ਜੁੜੀਆਂ। ਭਗਤ ਜੀ ਨੇ ਉਹਨਾਂ ਨੂੰ ਆਪਣੀ ਧੀ ਵਾਂਗ ਮੰਨਿਆ ਅਤੇ ਪਿੰਗਲਵਾੜੇ ਦੀ ਜ਼ਿੰਮੇਵਾਰੀ ਸੌਂਪੀ। ਉਹ ਅੱਜ ਵੀ ਭਗਤ ਪੂਰਨ ਸਿੰਘ ਦੇ ਆਦਰਸ਼ਾਂ 'ਤੇ ਚੱਲਦਿਆਂ ਸਬਰ ਅਤੇ ਸਿਦਕ ਨਾਲ ਸੇਵਾ ਕਰ ਰਹੀਆਂ ਹਨ।

ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਪਿੰਗਲਵਾੜੇ ਦੇ ਮਿਸ਼ਨ ਲਈ ਉਹਨਾਂ ਨੇ ਸਰਕਾਰੀ ਨੌਕਰੀ ਛੱਡੀ ਅਤੇ ਆਪਣੀ ਜ਼ਿੰਦਗੀ ਸਮਾਜ ਸੇਵਾ ਅਤੇ ਪਰਿਵਾਰ ਦੋਵਾਂ ਲਈ ਸਮਰਪਿਤ ਕੀਤੀ।

ਵਾਤਾਵਰਣ ਸੰਭਾਲ 'ਤੇ ਜ਼ੋਰ ਦਿੰਦਿਆਂ ਉਹਨਾਂ ਨੇ ਕਿਹਾ ਕਿ ਅੱਜ ਦੀ ਸਦੀ ਵਾਤਾਵਰਣ ਬਚਾਉਣ ਦੀ ਸਦੀ ਹੈ। ਉਹਨਾਂ ਨੇ ਪਲਾਸਟਿਕ ਦੀ ਥਾਂ ਕੱਪੜੇ ਦੀ ਵਰਤੋਂ, ਪਾਣੀ ਦੀ ਸੰਭਾਲ, ਦਰੱਖਤ ਲਗਾਉਣ ਅਤੇ ਪ੍ਰਦੂਸ਼ਣ ਘਟਾਉਣ ਲਈ ਜਾਗਰੂਕਤਾ ਦੀ ਲੋੜ 'ਤੇ ਜ਼ੋਰ ਦਿੱਤਾ। "ਪਵਣ ਗੁਰੂ, ਪਾਣੀ ਪਿਤਾ" ਦੇ ਸਿਧਾਂਤ ਨੂੰ ਅਮਲ ਵਿੱਚ ਲਿਆਉਣ ਦੀ ਅਪੀਲ ਕੀਤੀ।

ਉਹਨਾਂ ਨੇ ਕਿਹਾ ਕਿ ਪਿੰਗਲਵਾੜਾ ਇੱਕ ਮਾਡਲ ਵਜੋਂ ਕੰਮ ਕਰ ਰਿਹਾ ਹੈ ਅਤੇ ਵਿਦੇਸ਼ਾਂ—ਕੈਨੇਡਾ, ਇੰਗਲੈਂਡ ਅਤੇ ਅਮਰੀਕਾ—ਤੋਂ ਵੀ ਸਹਿਯੋਗ ਮਿਲ ਰਿਹਾ ਹੈ। ਉਹਨਾਂ ਨੇ ਕਿਰਤੀਆਂ ਦੀ ਇੱਜ਼ਤ ਕਰਨ ਅਤੇ ਉਹਨਾਂ ਦੇ ਬਣਾਏ ਸਮਾਨ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਅਤੇ ਕਾਰਪੋਰੇਟ ਸਿਸਟਮ ਦੇ ਨੁਕਸਾਨਾਂ ਵੱਲ ਵੀ ਧਿਆਨ ਦਿਵਾਇਆ।

ਸਿਹਤ ਅਤੇ ਸਮਾਜਕ ਮੁੱਦਿਆਂ 'ਤੇ ਗੱਲ ਕਰਦਿਆਂ ਉਹਨਾਂ ਨੇ ਸਿੱਖਿਆ ਅਤੇ ਸਿਹਤ ਮਾਫ਼ੀਆ 'ਤੇ ਚਿੰਤਾ ਜਤਾਈ ਅਤੇ ਸਿਹਤਮੰਦ ਜੀਵਨ ਲਈ ਸਧਾਰਨ ਜੀਵਨ ਜੀਉਣ ਦੀ ਸਲਾਹ ਦਿੱਤੀ। ਉਹਨਾਂ ਨੇ ਨਸ਼ਿਆਂ ਅਤੇ ਕੋਲਡ ਡਰਿੰਕਸ ਤੋਂ ਦੂਰ ਰਹਿਣ ਅਤੇ ਸੱਭਿਆਚਾਰਕ ਪਰੰਪਰਾਵਾਂ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ।

ਡਾ. ਕੁਲਜੀਤ ਕੌਰ ਵੱਲੋਂ ਡਾ. ਇੰਦਰਜੀਤ ਕੌਰ ਦੀ ਪਰਿਵਾਰਿਕ ਜ਼ਿੰਦਗੀ, ਪ੍ਰਾਪਤੀਆਂ ਅਤੇ ਪਦਮ ਭੂਸ਼ਣ ਵਰਗੇ ਸਨਮਾਨਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਕੁਲਜੀਤ ਜੀ ਨੇ ਉਹਨਾਂ ਦੇ ਸਨਮਾਨਾਂ ਦੀ ਇੱਕ ਡਾਕੂਮੈਂਟਰੀ ਬਣਾ ਕੇ ਵੀ ਦਿਖਾਈ ਤੇ ਰਮਿੰਦਰ ਰੰਮੀ ਨੇ ਉਹਨਾਂ ਦੀ ਪੁਰਾਣੀ ਸਾਂਝ ਦੀਆਂ ਤਸਵੀਰਾਂ ਨੂੰ ਵੀ ਸ਼ੇਅਰ ਕੀਤਾ ਅਤੇ ਮਾਰਚ ਮਹੀਨੇ ਦੀ ਸਾਹਿਤਕ ਸਾਂਝਾਂ ਈ ਮੈਗਜ਼ੀਨ ਨੂੰ ਵੀ ਰੀਲੀਜ਼ ਕੀਤਾ ਗਿਆ।

ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਪਿੰਗਲਵਾੜੇ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਰੋਜ਼ਗਾਰ ਦੇ ਮੌਕੇ ਦਿੱਤੇ ਜਾ ਰਹੇ ਹਨ ਅਤੇ ਮਰੀਜ਼ਾਂ ਦੀ ਸੰਭਾਲ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਮੌਕੇ ਮਲੂਕ ਸਿੰਘ ਕਾਹਲੋਂ, ਸਤਬੀਰ ਸਿੰਘ, ਰਾਜਬੀਰ ਗਰੇਵਾਲ, ਗੁਰਚਰਨ ਜੋਗੀ, ਪਰਮਜੀਤ ਢਿੱਲੋਂ, ਅਮਰਜੋਤੀ ਮਾਂਗਟ ਅਤੇ ਅੰਜੂ ਗਰੋਵਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਪ੍ਰੋਗਰਾਮ ਨੂੰ ਸਮਅਪ ਕਰਦੇ ਹੋਏ ਪ੍ਰੋ. ਕੁਲਜੀਤ ਦੇ ਰੂਬਰੂ ਦੀ ਸ਼ਲਾਘਾ ਕੀਤੀ। ਉਹਨਾਂ ਨੇ ਡਾ. ਇੰਦਰਜੀਤ ਕੌਰ ਜੀ ਦੀ ਸੇਵਾ ਸਮਰਪਣ ਦੀ ਭਾਵਨਾ ਦੀ ਗੱਲ ਕੀਤੀ ਤੇ ਉਹਨਾਂ ਦੁਆਰਾ ਦੱਸੇ ਨੁਕਤਿਆਂ ਤੇ ਹਰੇਕ ਨੂੰ ਅਮਲ ਕਰਨ ਦੀ ਜ਼ਰੂਰਤ ਤੇ ਜ਼ੋਰ ਦਿੱਤਾ ਅਤੇ ਸਮੁੱਚੀ ਟੀਮ ਵੱਲੋਂ ਡਾ. ਇੰਦਰਜੀਤ ਕੌਰ ਜੀ ਨੂੰ ਸਤਿਕਾਰ ਭੇਟ ਕੀਤਾ।


ਇਹ ਰੂਬਰੂ ਪ੍ਰੋਗਰਾਮ ਮਨੁੱਖਤਾ ਅਤੇ ਸੇਵਾ ਦੇ ਸੱਚੇ ਮੂਲਾਂ ਨੂੰ ਉਜਾਗਰ ਕਰਨ ਵਾਲਾ ਵਿਲੱਖਣ ਅਤੇ ਯਾਦਗਾਰ ਅਨੁਭਵ ਸਾਬਤ ਹੋਇਆ।

ਦਰਸ਼ਕਾਂ ਨੂੰ ਸ. ਪਿਆਰਾ ਸਿੰਘ ਕੁੱਦੋਵਾਲ ਜੀ ਨੂੰ ਸੁਨਣਾ ਤੇ ਪ੍ਰੋਗਰਾਮ ਨੂੰ ਸਮਅੱਪ ਕਰਨ ਦਾ ਉਹਨਾਂ ਦੇ ਵਿਲੱਖਣ ਅੰਦਾਜ਼ ਨੂੰ ਬਹੁਤ ਪਸੰਦ ਕਰਦੇ ਹਨ।

ਰਮਿੰਦਰ ਰੰਮੀ ਨੇ ਇਕ ਵਾਰ ਫਿਰ ਸੱਭ ਦਾ ਧੰਨਵਾਦ ਕਰਦਿਆਂ ਕਿਹਾ ਕਿ " ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ " ਧੰਨਵਾਦ ਸਹਿਤ। ਇਹ ਰਿਪੋਰਟ ਡਾ. ਪੁਸ਼ਵਿੰਦਰ ਕੌਰ ਖੋਖਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ।

## ਆਰਸੀਈਡੀ ਚੰਡੀਗੜ੍ਹ ਦੀ ਟੀਮ ਵਲੋਂ ਅਕਾਲ ਕਾਲਜ ਆਫ਼ ਐਜੂਕੇਸ਼ਨ, ਮਸਤੂਆਣਾ ਸਾਹਿਬ ਵਿਖੇ ਇੱਕ ਜਾਗਰੂਕਤਾ ਪ੍ਰੋਗਰਾਮ

ਵਰਲਡ ਪੰਜਾਬੀ ਟਾਈਮਜ਼




ਚੰਡੀਗੜ੍ਹ 26 ਮਾਰਚ : ਆਰਸੀਈਡੀ ਚੰਡੀਗੜ੍ਹ ਦੀ ਟੀਮ ਵੱਲੋਂ 25 ਮਾਰਚ 2026 ਨੂੰ ਅਕਾਲ ਕਾਲਜ ਆਫ਼ ਐਜੂਕੇਸ਼ਨ, ਮਸਤੂਆਣਾ ਸਾਹਿਬ ਵਿਖੇ ਸੰਸਥਾ ਦੇ ਪ੍ਰਿੰਸੀਪਲ ਡਾ. ਸੁਖਦੀਪ ਕੌਰ ਦੀ ਨਿਗਰਾਨੀ ਹੇਠ ਇੱਕ ਜਾਗਰੂਕਤਾ ਪ੍ਰੋਗਰਾਮ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ।

ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਅਤੇ ਫੈਕਲਟੀ ਵਿੱਚ ਉੱਦਮਤਾ ਅਤੇ ਸਰਕਾਰੀ ਪਹਿਲਕਦਮੀਆਂ ਪ੍ਰਤੀ ਜਾਗਰੂਕਤਾ ਵਧਾਉਣਾ ਸੀ। ਸੈਸ਼ਨ ਦੀ ਮੁੱਖ ਬੁਲਾਰਾ ਸ਼੍ਰੀਮਤੀ ਆਸ਼ਮਾ ਸਿੰਘ, ਵਿੱਤੀ ਲੇਖਾਕਾਰ ਟ੍ਰੇਨਰ, ਸ਼੍ਰੀਮਤੀ ਕਨਿਕਾ ਸਿੰਘ ਦੇ ਨਾਲ ਸੀ, ਜਿਨ੍ਹਾਂ ਨੇ ਇਸ ਪ੍ਰੋਗਰਾਮ ਦੀ ਕੋਆਰਡੀਨੇਟਰ ਵਜੋਂ ਸੇਵਾ ਨਿਭਾਈ। ਸੈਸ਼ਨ ਦੌਰਾਨ, ਸ਼੍ਰੀਮਤੀ ਆਸ਼ਮਾ ਸਿੰਘ ਨੇ ਉੱਦਮਤਾ ਦੇ ਵੱਖ-ਵੱਖ ਮਹੱਤਵਪੂਰਨ ਪਹਿਲੂਆਂ ਨੂੰ ਕਵਰ ਕਰਦੇ ਹੋਏ ਇੱਕ ਸਮਝਦਾਰ ਭਾਸ਼ਣ ਦਿੱਤਾ। ਉਸਨੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਵਿੱਚ ਸਰਕਾਰ ਦੇ ਦ੍ਰਿਸ਼ਟੀਕੋਣ ਅਤੇ ਉਦੇਸ਼ਾਂ, ਵੱਖ-ਵੱਖ ਉੱਦਮਤਾ ਰਣਨੀਤੀਆਂ ਅਤੇ ਕਾਰੋਬਾਰ ਸਥਾਪਤ ਕਰਨ ਵਿੱਚ ਸ਼ਾਮਲ ਵੱਖ-ਵੱਖ ਪੜਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਸਨੇ ਅੱਜ ਦੇ ਆਰਥਿਕ ਦ੍ਰਿਸ਼ਟੀਕੋਣ ਵਿੱਚ ਉੱਦਮਤਾ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ ਅਤੇ ਕਾਰੋਬਾਰ ਨੂੰ ਸਫਲਤਾਪੂਰਵਕ ਸ਼ੁਰੂ ਕਰਨ ਦੇ ਵਿਹਾਰਕ ਤਰੀਕਿਆਂ 'ਤੇ ਚਰਚਾ ਕੀਤੀ। ਇਸ ਤੋਂ ਇਲਾਵਾ, ਉਸਨੇ ਹਾਜ਼ਰੀਨ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਉੱਦਮ ਪੂੰਜੀ ਫੰਡਾਂ ਬਾਰੇ ਜਾਣਕਾਰੀ ਦਿੱਤੀ ਜੋ ਉੱਭਰ ਰਹੇ ਉੱਦਮੀਆਂ ਦਾ ਸਮਰਥਨ ਕਰਦੇ ਹਨ। ਕਾਲਜ ਦੇ ਫੈਕਲਟੀ ਮੈਂਬਰ ਵੀ ਪ੍ਰੋਗਰਾਮ ਦੌਰਾਨ ਮੌਜੂਦ ਸਨ, ਜਿਸ ਨਾਲ ਇਹ ਇੱਕ ਬਹੁਤ ਹੀ ਦਿਲਚਸਪ ਅਤੇ ਜਾਣਕਾਰੀ ਭਰਪੂਰ ਸੈਸ਼ਨ ਬਣ ਗਿਆ। ਡਾ. ਹਰਪਾਲ ਕੌਰ, ਐਸੋਸੀਏਟ ਪ੍ਰੋਫ਼ੈਸਰ ਨੇ ਮਹਿਮਾਨਾਂ ਅਤੇ ਭਾਗੀਦਾਰਾਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ। ਪ੍ਰੋਗਰਾਮ ਡਾ. ਸੁਖਦੀਪ ਕੌਰ ਦੁਆਰਾ ਦਿੱਤੇ ਗਏ ਧੰਨਵਾਦ ਮਤੇ ਨਾਲ ਸਮਾਪਤ ਹੋਇਆ, ਜਿਨ੍ਹਾਂ ਨੇ ਆਰਸੀਈਡੀ ਚੰਡੀਗੜ੍ਹ ਟੀਮ ਦਾ ਇੰਨਾ ਕੀਮਤੀ ਅਤੇ ਗਿਆਨਵਰਧਕ ਸੈਸ਼ਨ ਆਯੋਜਿਤ ਕਰਨ ਲਈ ਧੰਨਵਾਦ ਕੀਤਾ। ਕੁੱਲ ਮਿਲਾ ਕੇ, ਜਾਗਰੂਕਤਾ ਪ੍ਰੋਗਰਾਮ ਭਾਗੀਦਾਰਾਂ ਲਈ ਬਹੁਤ ਲਾਭਦਾਇਕ ਸਾਬਤ ਹੋਇਆ, ਜਿਸ ਨਾਲ ਉਨ੍ਹਾਂ ਨੂੰ ਉੱਦਮੀ ਮੌਕਿਆਂ ਦੀ ਪੜਚੋਲ ਕਰਨ ਲਈ ਜ਼ਰੂਰੀ ਗਿਆਨ ਅਤੇ ਪ੍ਰੇਰਣਾ ਮਿਲੀ।

## ਰਾਈਸ ਮਿੱਲਰਾਂ ਵੱਲੋਂ ਪੰਜਾਬ ਸਰਕਾਰ ਦੀ ਇੱਕ-ਮੁਸ਼ਤ ਨਿਪਟਾਰਾ ਸਕੀਮ ਦਾ ਲਿਆ ਜਾ ਰਿਹਾ ਭਰਪੂਰ ਲਾਭ

### ਪਨਗਰੇਨ ਨੇ 15 ਸਾਲ ਪੁਰਣੇ ਕੇਸ ਦਾ ਕਰਵਾਇਆ ਨਿਪਟਾਰਾ



ਲੁਧਿਆਣਾ, 26 ਮਾਰਚ : ਰਾਈਸ ਮਿੱਲਰਾਂ ਵੱਲੋਂ ਪੰਜਾਬ ਸਰਕਾਰ ਵੱਲੋਂ ਜਾਰੀ ਇੱਕ-ਮੁਸ਼ਤ ਨਿਪਟਾਰਾ ਸਕੀਮ 2025 ਦਾ ਭਰਪੂਰ ਲਾਹਾ ਲਿਆ ਜਾ ਰਿਹਾ ਹੈ। ਲੁਧਿਆਣਾ ਪੱਛਮੀ ਵਿੱਚ ਏਜੰਸੀ ਪਨਗਰੇਨ ਦੇ ਰਾਈਸ ਮਿੱਲਰ ਸ਼੍ਰੀ ਰਾਜੇਸ਼ ਕਾਂਸਲ ਦੀ ਮਿੱਲ ਸ਼੍ਰੀ ਗਣਪਤੀ ਰਾਈਸ ਐਂਡ ਜਨਰਲ ਮਿੱਲ, ਰਾਏਕੋਟ ਦਾ ਸਾਲ 2010-11 ਦਾ ਅਕਾਊਂਟ ਸੈਟਲ ਕਰਵਾ ਕੇ "ਨੋ ਡਿਊ ਸਰਟੀਫਿਕੇਟ" ਜਾਰੀ ਕੀਤਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਇੰਡਸਟਰੀ ਨੂੰ ਮੁੜ ਸੁਰਜੀਤ ਕਰਨ ਲਈ ਪੰਜਾਬ ਰਾਜ ਵਿੱਚ ਡਿਫਾਲਟਰ ਰਾਈਸ ਮਿੱਲਰਾਂ ਪਾਸੋ ਬਕਾਇਆਂ ਰਕਮ ਦੀ ਰਿਕਵਰੀ ਕਰਨ ਲਈ ਵਨ ਟਾਇਮ ਸੈਟਲਮੈਂਟ ਸਕੀਮ (ਓ ਟੀ ਐਸ) 2025 ਚਲਾਈ ਗਈ ਹੈ ਜਿਸਦੇ ਤਹਿਤ ਸਰਤਾਜ ਸਿੰਘ ਚੀਮਾ ਜਿਲ੍ਹਾ ਪ੍ਰਬੰਧਕ ਪਨਗੇਰਨ-ਕਮ-ਜਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਲੁਧਿਆਣਾ ਪਾਸੋਂ ਸ਼੍ਰੀ ਗਣਪਤੀ ਰਾਈਸ ਐਂਡ ਜਨਰਲ ਮਿੱਲ, ਰਾਏਕੋਟ ਨੇ ਸੈਟਲਮੈਂਟ ਤੋਂ ਬਾਅਦ "ਕੋਈ ਬਕਾਇਆ ਨਹੀਂ ਸਰਟੀਫਿਕੇਟ" ਪ੍ਰਾਪਤ ਕੀਤਾ।

ਜਿਲ੍ਹਾ ਕੰਟਰੋਲਰ ਲੁਧਿਆਣਾ ਪੱਛਮੀ ਚੀਮਾ ਨੇ ਦੱਸਿਆ ਕਿ ਇਸ ਰਾਈਸ ਮਿੱਲਰ ਨਾਲ ਵਿਭਾਗ/ਸਰਕਾਰ ਦਾ ਪਿਛਲੇ 15 ਸਾਲਾਂ ਤੋ ਕੋਰਟ ਕੇਸ ਚੱਲ ਰਿਹਾ ਸੀ, ਹੁਣ ਇਸ ਮਿੱਲਰ ਵੱਲੋਂ ਪਨਗਰੇਨ ਏਜੰਸੀ ਦੀ ਓ ਟੀ ਐਸ-2025 ਤਹਿਤ ਬਣਦੀ ਰਿਕਵਰੀ ਰਕਮ ਸਰਕਾਰੀ ਖਾਤੇ ਵਿੱਚ ਜਮ੍ਹਾ ਕਰਵਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਸਕੀਮ ਮਿੱਲਰਾਂ ਲਈ ਬਹੁਤ ਅਸਾਨ, ਪਾਰਦਰਸ਼ੀ ਅਤੇ ਲਾਹੇਵੰਦ ਹੈ ਜਿਸ ਵਿੱਚ ਮਿਲਰ ਪਾਸੋਂ ਅਪਲਾਈ ਕਰਨ ਤੋਂ ਲੈਕੇ ਨਾ ਬਕਾਇਆ ਸਰਟੀਫਿਕੇਟ ਜਾਰੀ ਹੋਣ ਤੱਕ ਦੀ ਸਾਰੀ ਪ੍ਰਕਿਰਿਆ ਆਨਲਾਇਨ ਹੈ। ਇਸ ਸਕੀਮ ਸਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਣਾ ਲੈਣ ਲਈ ਵਿਭਾਗੀ ਪੋਰਟਲ Anaajkharid.in ਜਾਂ ਸਬੰਧਤ ਏਜੰਸੀਆਂ ਦੇ ਜਿਲ੍ਹਾ ਦਫਤਰਾਂ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਸਕੀਮ ਦਾ ਲਾਭ ਲੈਣ ਵਾਲੇ ਰਾਈਸ ਮਿੱਲਰ ਸ਼੍ਰੀ ਰਾਜੇਸ਼ ਕਾਂਸਲ ਨੇ ਕਿਹਾ ਕਿ ਇਹ ਸਕੀਮ ਉਹਨਾਂ ਲਈ ਬਹੁਤ ਲਾਭਕਾਰੀ ਰਹੀ ਹੈ ਕਿਉਂਕਿ ਕੋਰਟ ਕੇਸ ਕਾਰਨ ਨਾ ਤਾਂ ਉਹ ਆਪਣੀ ਮਿੱਲ ਚਲਾ ਪਾ ਰਹੇ ਸਨ ਅਤੇ ਕੋਰਟ ਕੇਸਾਂ ਵਿੱਚ ਉਹਨਾ ਦਾ ਕਾਫੀ ਪੈਸਾ ਅਤੇ ਸਮਾਂ ਵੀ ਬਰਬਾਦ ਹੋਇਆ ਹੈ। ਉਹਨਾਂ ਇਸ ਵਿਸ਼ੇਸ਼ ਸਕੀਮ ਲਈ ਪੰਜਾਬ ਸਰਕਾਰ ਦਾ ਤਹਿ ਦਿੱਲੋ ਧੰਨਵਾਦ ਕੀਤਾ।

## 5 ਅਪਰੈਲ ਨੂੰ ਜਲੰਧਰ ਵਿਖੇ ਕਰਾਏ ਜਾ ਰਹੇ ਸੈਮੀਨਾਰ ਦੀਆਂ ਤਿਆਰੀਆਂ ਦਾ ਜਾਇਜ਼ਾ

### ਸਤਿਗੁਰੂ ਰਵਿਦਾਸ ਜੀ ਨਾਲ ਸਬੰਧਿਤ ਸੈਮੀਨਾਰ ਵਿਚ ਦੇਸ਼ ਤੋਂ ਇਲਾਵਾ ਵਿਦੇਸ਼ ਤੋਂ ਵੀ ਵਿਦਵਾਨ ਵਿਚਾਰ ਰੱਖਣਗੇ : ਪ੍ਰੋ. ਭਾਟੀਆ

ਪ੍ਰੋ. ਲਾਲ ਬਹਾਦਰ ਭਾਟੀਆ



ਜਲੰਧਰ 26 ਮਾਰਚ ( : ਕੌਮੀ ਤੇ ਕੌਮਾਂਤਰੀ ਪੱਧਰ ਤੇ 'ਬਾਣੀ ਵਿਚਾਰ ਚੇਤਨਾ ਮੰਚ ਪੰਜਾਬ' ਵੱਲੋਂ ਕਰਾਏ ਜਾ ਰਹੇ ਸੈਮੀਨਾਰ ਤੇ ਕਾਨਫ਼ਰੰਸਾਂ ਦੀ ਲੜੀ ਤਹਿਤ ਜਲੰਧਰ ਵਿਚ ਵੀ 5 ਅਪਰੈਲ ਨੂੰ ਇਕ ਅਕਾਦਮਿਕ ਤੇ ਅਧਿਆਤਮਿਕ ਸੈਮੀਨਾਰ ਕਰਾਇਆ ਜਾ ਰਿਹਾ ਹੈ, ਜਿਸ ਵਿਚ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਬਾਣੀ, ਜੀਵਨ ਨਾਲ ਸਬੰਧਿਤ ਖੋਜ ਭਰਪੂਰ ਪੇਪਰ ਪੜ੍ਹੇ ਜਾਣਗੇ। ਇਹ ਸੈਮੀਨਾਰ ਡਾ. ਭੀਮ ਰਾਓ ਅੰਬੇਡਕਰ ਭਵਨ ਨਕੋਦਰ ਰੋਡ ਜਲੰਧਰ ਵਿਖੇ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਸੈਮੀਨਾਰ ਦੇ ਕੋਆਰਡੀਨੇਟਰ ਪ੍ਰੋ. ਲਾਲ ਬਹਾਦਰ ਭਾਟੀਆ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਰਚੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਉਨ੍ਹਾਂ ਦੀ ਬਾਣੀ ਸਾਡੀ ਰਾਹ ਦਸੇਰੇ ਵਜੋਂ ਕੰਮ ਕਰਦੀ ਹੈ, ਬਾਣੀ ਨਾਲ ਤੇ ਸਤਿਗੁਰੂ ਰਵਿਦਾਸ ਜੀ ਦੇ ਜੀਵਨ, ਸਮਾਜ, ਵਿਚਾਰ ਅਤੇ ਸੰਵਾਦ ਦੇ ਵਿਸ਼ੇ ਤੇ ਪਰਚੇ ਪੜ੍ਹੇ ਜਾਣਗੇ।

ਪ੍ਰੋ. ਭਾਟੀਆ ਨੇ ਦੱਸਿਆ ਕਿ ਅਸੀਂ ਇਸ ਸੈਮੀਨਾਰ ਦੀਆਂ ਤਿਆਰੀਆਂ ਵਿਚ ਜੁਟੇ ਹਾਂ, ਕਿਉਂਕਿ ਇਸ ਸੈਮੀਨਾਰ ਵਿਚ ਪੰਜਾਬ ਭਰ ਤੋਂ ਹੀ ਨਹੀਂ ਸਗੋਂ ਵਿਦੇਸ਼ਾਂ ਤੋਂ ਵੀ ਵਿਦਵਾਨ ਸੱਜਣ ਆਕੇ ਆਪਣੇ ਵਿਚਾਰ ਪ੍ਰਗਟ ਕਰਨਗੇ। ਉਨ੍ਹਾਂ ਕਿਹਾ ਕਿ ਬਾਣੀ ਵਿਚਾਰ ਮੰਚ ਦੇ ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਦੀ ਅਗਵਾਈ ਵਿਚ ਤੇ ਮੁੱਖ ਸਰਪ੍ਰਸਤ ਬਲਵਿੰਦਰ ਸਿੰਘ ਜਾਤੀਵਾਲ ਦੀ ਰਹਿਨੁਮਾਈ ਵਿਚ ਹੋ ਰਹੇ ਇਸ ਸੈਮੀਨਾਰ ਵਿਚ ਤਿੰਨ ਪਰਚੇ ਪੜ੍ਹੇ ਜਾਣਗੇ, ਇਹ ਪਰਚੇ ਪ੍ਰਬੁੱਧ ਵਿਦਵਾਨ ਡਾ. ਸੀਤਲ ਸਿੰਘ, ਸ੍ਰੀ ਰੂਪ ਲਾਲ ਰੂਪ ਤੇ ਉਹ (ਪ੍ਰੋ. ਲਾਲ ਬਹਾਦਰ ਭਾਟੀਆ) ਪੜ੍ਹਨਗੇ, ਇਸ ਵਿਚ ਉਦਘਾਟਨੀ ਭਾਸ਼ਣ ਸ੍ਰੀ ਹਰਬਿਲਾਸ ਬੱਸੀ ਕੈਨੇਡਾ ਦੇਣਗੇ ਤੇ ਸਮਾਪਤੀ ਭਾਸ਼ਣ ਡਾ. ਗੁਰਮੀਤ ਸਿੰਘ ਕਲੱਰਮਾਜਰੀ ਦੇਣਗੇ। ਇਸ ਸੈਮੀਨਾਰ ਵਿਚ ਮੁੱਖ ਮਹਿਮਾਨ ਵਿਦਵਾਨ, ਚਿੰਤਕ ਤੇ ਗੀਤਕਾਰ ਮਦਨ ਜਲੰਧਰੀ ਹੋਣਗੇ। ਪ੍ਰਧਾਨਗੀ ਬਲਵਿੰਦਰ ਸਿੰਘ ਜਾਤੀਵਾਲ ਪਟਿਆਲਾ ਕਰਨਗੇ। ਅੱਜ ਇਸ ਸੈਮੀਨਾਰ ਦੀਆਂ ਤਿਆਰੀਆਂ ਸਬੰਧੀ ਵਿਸ਼ੇਸ਼ ਤੌਰ ਤੇ ਮੀਟਿੰਗ ਕਮਿਊਨਿਟੀ ਹਾਲ 120 ਫੁੱਟੀ ਰੋਡ ਤੇ ਕੀਤੀ ਗਈ। ਜ਼ਿਲ੍ਹਾ ਕੋਆਰਡੀਨੇਟਰ ਪ੍ਰੋ. ਲਾਲ ਬਹਾਦਰ ਭਾਟੀਆ ਦੀ ਅਗਵਾਈ ਵਿਚ ਹੋਈ ਮੀਟਿੰਗ ਵਿਚ ਉੱਘੇ ਸਮਾਜ ਸੇਵਕ ਤੇ ਰਿਟਾ. ਬੈਂਕ ਮੈਨੇਜਰ ਸ੍ਰੀ ਜਗਦੀਸ਼ ਕੁਮਾਰ ਡਾਲੀਆ, ਸ੍ਰੀ ਜੀ ਰਾਜ ਅੰਗਰਾਲ , ਸ੍ਰੀ ਭਜਨ ਲਾਲ, ਸ੍ਰੀ ਪ੍ਰਤਾਪ ਸਾਰੰਗਲ, ਸ੍ਰੀ ਓਮ ਪ੍ਰਕਾਸ਼ ਲੋਚ, ਕੈਪਟਨ ਦਇਆ ਰਾਮ ਤੇ ਲਾਲਾ ਜੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਗੁਰੂ ਰਵਿਦਾਸ ਮੰਦਰ ਦੇ ਸੇਵਾਦਾਰ ਸ੍ਰੀ ਵਿਕੀ ਖਿੰਦਰ , ਪ੍ਰਿੰਸ ਖਿੰਦਰ ਅਤੇ ਸ੍ਰੀ ਹਰਿਬਲਾਸ ਹਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਭਾਟੀਆ ਫ਼ੋਟੋ: ਮੀਟਿੰਗ ਵਿਚ ਸੈਮੀਨਾਰ ਦਾ ਜਾਇਜ਼ਾ ਲੈਂਦੇ ਹੋਏ ਪ੍ਰਬੰਧਕ ।

## ਪੰਜਾਬ ਸਰਕਾਰ ਦੇ ਸ਼ਾਨਦਾਰ ਚਾਰ ਸਾਲ ਪੂਰੇ ਹੋਣ 'ਤੇ ਸਪੀਕਰ ਸੰਧਵਾਂ ਨੇ ਕੀਤਾ ਖੁਸ਼ੀ ਦਾ ਪ੍ਰਗਟਾਵਾ

### ਚਾਰ ਸਾਲਾਂ ਦੌਰਾਨ ਹਰੇਕ ਖੇਤਰ ਵਿੱਚ ਕੀਤੇ ਗਏ ਕ੍ਰਾਂਤੀਕਾਰੀ ਸੁਧਾਰ

### ਪੰਜਾਬ ਸਰਕਾਰ ਨੇ ਲੋਕਾਂ ਦੇ ਹਿੱਤਾਂ ਲਈ ਕੀਤੇ ਗਏ ਹਰ ਇੱਕ ਵਾਅਦੇ ਨੂੰ ਕੀਤਾ ਪੂਰਾ : ਸੰਧਵਾਂ

ਟਿੰਕੂ ਕੁਮਾਰ




ਕੋਟਕਪੂਰਾ, 26 ਮਾਰਚ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਸ਼ਾਨਦਾਰ ਚਾਰ ਸਾਲ ਪੂਰੇ ਹੋਣ 'ਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਇਨ੍ਹਾਂ ਚਾਰ ਸਾਲਾਂ ਦੌਰਾਨ ਸਿਹਤ, ਸਿੱਖਿਆ, ਰੁਜ਼ਗਾਰ ਉਦਯੋਗਿਕ ਵਿਕਾਸ, ਬੁਨਿਆਦੀ ਢਾਂਚੇ ਵਿੱਚ ਵੱਡੇ ਬਦਲਾਅ ਲਿਆਂਦੇ ਗਏ ਹਨ। ਪਿੰਡ ਚਾਹਲ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਆਪਣੇ ਹਰ ਇੱਕ ਵਾਅਦੇ ਨੂੰ ਪੂਰਾ ਕਰਕੇ ਵਿਖਾਇਆ ਹੈ ਅਤੇ ਲੋਕਾਂ ਦੇ ਹਿੱਤ ਲਈ ਹੀ ਕੰਮ ਕੀਤੇ ਹਨ। ਉਨ੍ਹਾਂ ਕਿਹਾ ਕਿ ਸਿਹਤ ਦੇ ਖੇਤਰ ਵਿਚ ਕ੍ਰਾਂਤੀਕਾਰੀ ਬਦਲਾ ਲਿਆਂਦੇ ਹੋਏ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਗਈ। ਜਿਸ ਤਹਿਤ ਹਰ ਵਰਗ ਦੇ ਹਰੇਕ ਨਾਗਰਿਕ ਲਈ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦੀ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਆਰਥਿਕ ਮਜਬੂਤੀ ਲਈ ਜਰਨਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਅਤੇ ਐਸ.ਸੀ. ਵਰਗ ਦੀਆਂ ਔਰਤਾਂ ਲਈ 1500 ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਸਿੱਖਿਆ ਦੇ ਖੇਤਰ ਵਿੱਚ ਕਰੋੜਾਂ ਰੁਪਏ ਖਰਚ ਕੇ ਵੱਡੇ ਸੁਧਾਰ ਕਰਦਿਆਂ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ ਅਤੇ ਪ੍ਰਾਈਵੇਟ ਸਕੂਲਾਂ ਦੀ ਤਰ੍ਹਾਂ ਸਰਕਾਰੀ ਸਕੂਲਾਂ ਵਿੱਚ ਵੀ ਸਾਰੀਆਂ ਸੁਵਿਧਾਵਾਂ ਉਪਲਬਧ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਗਏ ਅਤੇ ਬਿਨਾਂ ਕਿਸੇ ਸਿਫਾਰਿਸ਼ ਦੇ ਨੌਕਰੀਆਂ ਦਿੱਤੀਆਂ ਗਈਆਂ ਹਨ। ਕਾਨੂੰਨ ਵਿਵਸਥਾ ਨੂੰ ਮਜਬੂਤ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਗਈ ਅਤੇ ਅਜਿਹਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਵੱਡੇ ਪੱਧਰ 'ਤੇ ਕਾਰਵਾਈਆਂ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਕਰੋੜਾਂ ਰੁਪਏ ਖਰਚ ਕੇ ਸੜਕਾਂ ਦਾ ਨਵੀਨੀਕਰਨ, ਪੁੱਲਾਂ ਦੀ ਉਸਾਰੀ ਅਤੇ ਹੋਰ ਵੱਡੇ ਪ੍ਰੋਜੈਕਟਾਂ 'ਤੇ ਕੰਮ ਕਰਕੇ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਗਿਆ। ਸਪੀਕਰ ਸੰਧਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵੱਡੀ ਰਾਹਤ ਦੇਣ ਲਈ 90% ਘਰਾਂ ਨੂੰ 600 ਯੂਨਿਟ ਤੱਕ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਜੇ ਨੀਅਤ ਸਾਫ ਹੋਵੇ ਤਾਂ ਘੱਟ ਸਮੇਂ ਵਿੱਚ ਵੀ ਵੱਡੇ ਬਦਲਾਅ ਲਿਆਂਦੇ ਜਾ ਸਕਦੇ ਹਨ। ਆਉਣ ਵਾਲੇ ਸਮੇਂ ਵਿੱਚ ਵੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਤਰੱਕੀ ਅਤੇ ਖੁਸ਼ਹਾਲੀ ਦੀ ਨਵੀਂ ਉਚਾਈਆਂ ਤੱਕ ਲਿਜਾਇਆ ਜਾਵੇਗਾ। ਇਸ ਮੌਕੇ ਮਨਪ੍ਰੀਤ ਧਾਲੀਵਾਲ, ਅਮਨਦੀਪ ਸਿੰਘ ਪੀ.ਏ., ਜਸਪ੍ਰੀਤ ਸਿੰਘ ਬਲਾਕ ਪ੍ਰਧਾਨ, ਜਗਸੀਰ ਸਿੰਘ, ਗੁਰਮੀਤ ਸਿੰਘ, ਯਾਦਵਿੰਦਰ ਸਿੰਘ, ਸਤਿੰਦਰਜੀਤ ਸਿੰਘ ਗੋਲਡੀ, ਬਲਾਕ ਸੰਮਤੀ ਮੈਂਬਰ ਖਾਰਾ, ਜਗਤਾਰ ਸਿੰਘ ਬਰਾੜ ਸਰਪੰਚ ਖਾਰਾ, ਬਲਦੇਵ ਸਿੰਘ ਸਰਪੰਚ ਭਾਣਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਹਾਜ਼ਰ ਸਨ।

## ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਵਾਰਡ ਨੰਬਰ 54 ਬਡੂੰਗਰ ਤੋਂ ਤੀਰਥ ਯਾਤਰਾ ਬੱਸ ਰਵਾਨਾ

### -ਤੀਰਥ ਯਾਤਰਾ ਸਕੀਮ ਦਾ ਲੋਕਾਂ ਚ ਭਾਰੀ ਉਤਸ਼ਾਹ : ਅਜੀਤਪਾਲ ਕੋਹਲੀ



ਪਟਿਆਲਾ 26 ਮਾਰਚ : ਆਮ ਆਦਮੀ ਪਾਰਟੀ ਦੇ ਪਟਿਆਲਾ ਸ਼ਹਿਰੀ ਦੇ ਵਿਧਾਇਕ ਸ੍ਰੀ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਵਾਰਡ ਨੰਬਰ 54 ਬਡੂੰਗਰ ਤੋਂ ਕੌਂਸਲਰ ਜਗਮੋਹਨ ਸਿੰਘ ਚੌਹਾਨ, ਅਸ਼ੋਕ ਬੰਗੜ ਅਤੇ ਗੋਬਿੰਦ ਬਡੂੰਗਰ ਦੀ ਦੇਖ ਰੇਖ ਹੇਠ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਯਾਤਰੀਆਂ ਨਾਲ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਕੀਤਾ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦਸਿਆ ਕਿ ਇਹ ਬੱਸ ਵੱਖ ਵੱਖ ਧਾਰਮਿਕ ਅਸਥਾਨਾਂ ਤੇ ਜਾਏਗੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਹਰ ਇਕ ਨਾਗਰਿਕ ਤੱਕ ਸਹੂਲਤਾਂ ਪਹੁੰਚਾਉਣਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਵਿਅਕਤੀ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਪੂਰਾ ਕਰਨ ਤੋਂ ਵਾਂਝਾ ਨਾ ਰਹੇ।

ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਇਸ ਦਿਸ਼ਾ ਵਿੱਚ ਇੱਕ ਵਿਸ਼ੇਸ਼ ਅਤੇ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨਾਲ ਆਮ ਜਨਤਾ, ਖ਼ਾਸ ਕਰਕੇ ਬਜ਼ੁਰਗਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਿਹਰਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਯੋਜਨਾ ਤਹਿਤ ਯਾਤਰੀਆਂ ਲਈ ਆਵਾਜਾਈ, ਰਹਿਣ-ਸਹਿਣ ਅਤੇ ਹੋਰ ਜ਼ਰੂਰੀ ਸੁਵਿਧਾਵਾਂ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਉਹ ਬਿਨਾ ਕਿਸੇ ਚਿੰਤਾ ਦੇ ਆਪਣੀ ਯਾਤਰਾ ਦਾ ਆਨੰਦ ਮਾਣ ਸਕਣ। ਉਨ੍ਹਾਂ ਨੇ ਯਾਤਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਲੋੜਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਉਨ੍ਹਾਂ ਨੂੰ ਯਕੀਨ ਦਵਾਇਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਕੀਮਾਂ ਨੂੰ ਹੋਰ ਵਧਾਇਆ ਜਾਵੇਗਾ।

## ਦੁਸ਼ਮਣਾਂ ਤੋਂ ਵੀ ਵੱਧ ਗੱਦਾਰ ਖ਼ਤਰਨਾਕ ਨੇ...

ਰਣਜੀਤ ਸਿੰਘ ਦਮਦਮੀ ਟਕਸਾਲ

ਸਿੱਖ ਕੌਮ ਦਾ ਏਨਾ ਨੁਕਸਾਨ ਤਾਂ ਦੁਸ਼ਮਣ ਵੀ ਨਹੀਂ ਕਰ ਪਾਏ ਜਿੰਨਾ ਗੱਦਾਰਾਂ ਨੇ ਕੀਤਾ ਹੈ। ਦੁਸ਼ਮਣ ਦਾ ਤਾਂ ਪਤਾ ਹੁੰਦਾ ਹੈ ਕਿ ਇਹ ਦੁਸ਼ਮਣ ਹੈ ਪਰ ਗੱਦਾਰ ਦਾ ਤਾਂ ਪਤਾ ਵੀ ਨਹੀਂ ਲੱਗਦਾ ਤੇ ਜਦੋਂ ਗੱਦਾਰ, ਵੱਡੀ ਗੱਦਾਰੀ ਕਰਦਾ ਹੈ ਓਦੋਂ ਤਕ ਤਾਂ ਬਹੁਤ ਕੁਝ ਤਬਾਹ ਹੋ ਚੁੱਕਾ ਹੁੰਦਾ ਹੈ। ਮੌਜੂਦਾ ਹਲਾਤਾਂ ਨੂੰ ਵੇਖਦਿਆਂ ਇਹ ਕਹਿਣਾ ਪਏਗਾ ਕਿ ਜੇ ਸਿੱਖ ਕੌਮ ਵਿੱਚ ਅਣਖੀਲੇ ਸਰਦਾਰ ਹਨ ਤਾਂ ਗੱਦਾਰ ਵੀ ਘੱਟ ਨਹੀਂ ਹਨ। ਹੁਣ ਤਾਂ ਗੱਦਾਰੀ ਦਿਨੋਂ-ਦਿਨ ਹੋਰ ਵੀ ਵੱਧਦੀ ਜਾਂਦੀ ਹੈ ਕਿਉਂਕਿ ਇੱਕ ਗੱਦਾਰ ਜੋ ਦੁਸ਼ਮਣ ਨਾਲ ਮਿਲ ਕੇ ਹੋਰ ਗਦਾਰ ਪੈਦਾ ਕਰਦਾ ਹੈ ਜਿਸ ਬਾਰੇ ਇੱਕ ਕਹਾਣੀ ਯਾਦ ਆ ਗਈ।

ਇੱਕ ਬਜ਼ਾਰ ਵਿੱਚ ਇੱਕ ਸ਼ਿਕਾਰੀ ਤਿੱਤਰ ਵੇਚ ਰਿਹਾ ਸੀ। ਓਹਦੇ ਕੋਲ਼ ਛੋਟੇ ਬਕਸੇ 'ਚ ਇੱਕ ਤਿੱਤਰ, ਤੇ ਵੱਡੇ ਬਕਸੇ 'ਚ ਬਹੁਤ ਸਾਰੇ ਤਿੱਤਰ ਸਨ। ਗਾਹਕ ਨੇ ਪੁੱਛਿਆ ਕਿ "ਇੱਕ ਤਿੱਤਰ ਕਿੰਨੇ ਦਾ ਹੈ ?" ਤਾਂ ਸ਼ਿਕਾਰੀ ਨੇ ਕਿਹਾ "40 ਰੁਪਏ ਦਾ।" ਗਾਹਕ ਨੇ ਛੋਟੇ ਬਕਸੇ ਵਾਲ਼ੇ ਤਿੱਤਰ ਵੱਲ ਇਸ਼ਾਰਾ ਕਰ ਕੇ ਪੁੱਛਿਆ "ਆਹ ਕਿੰਨੇ ਦਾ ?" ਤਾਂ ਸ਼ਿਕਾਰੀ ਨੇ ਕਿਹਾ, "ਅੱਬਲ ਤਾਂ ਮੈਂ ਏਹਨੂੰ ਵੇਚਣਾ ਨਹੀਂ ਚਾਹੁੰਦਾ, ਲੇਕਿਨ ਜੇ ਤੁਸੀਂ ਜ਼ਿੱਦ ਕਰਦੇ ਹੋ ਤਾਂ ਇਸ ਦੀ ਕੀਮਤ 500 ਰੁਪਏ ਹੋਵੇਗੀ।" ਗਾਹਕ ਨੇ ਬੜੀ ਹੈਰਾਨੀ ਨਾਲ਼ ਪੁੱਛਿਆ, "ਬਾਕੀਆਂ ਨਾਲ਼ੋਂ ਇਸ ਦੀ ਕੀਮਤ ਵੱਧ ਕਿਉਂ ?" ਸ਼ਿਕਾਰੀ ਨੇ ਕਿਹਾ "ਏਹ ਮੇਰਾ ਪਾਲਤੂ ਵਫ਼ਾਦਾਰ ਜਾਨਵਰ ਹੈ, ਇਸ ਦੀ ਖ਼ਾਸੀਅਤ ਇਹ ਹੈ ਕਿ ਏਹ ਆਵਦੇ ਸਾਥੀਆਂ ਨੂੰ ਜਾਲ਼ ਵਿੱਚ ਫਸਾਉਣ ਦੀ ਕਲਾ ਜਾਣਦਾ ਏ, ਬਾਕੀ ਦੇ ਤਿੱਤਰ ਸਭ ਇਹਦੇ ਫਸਾਏ ਹੋਏ ਨੇ, ਏਹ ਚੀਖ-ਪੁਕਾਰ ਕਰ ਕੇ ਆਪਣੇ ਸਾਥੀਆਂ ਨੂੰ ਕੋਲ਼ ਬੁਲਾ ਕੇ ਮੇਰੇ ਜਾਲ਼ ਵਿੱਚ ਫਸਾਉਂਦਾ ਏ, ਬਾਕੀ ਦੇ ਘੱਟ ਸਮਝ ਵਾਲ਼ੇ ਤਿੱਤਰ ਬਿਨਾਂ ਸੋਚੇ ਸਮਝੇ ਇਕੱਠੇ ਹੁੰਦੇ ਨੇ ਤੇ ਮੈਂ ਉਹਨਾਂ ਨੂੰ ਜਾਲ਼ ਵਿੱਚ ਫਸਾ ਲੈਂਦਾ ਹਾਂ। ਇਸ ਤੋਂ ਬਾਅਦ ਫਸਾਉਣ ਵਾਲ਼ੇ ਤਿੱਤਰ ਨੂੰ ਮੈਂ ਮਨਪਸੰਦ ਖੁਰਾਕ ਵੀ ਦੇਂਦਾ ਹਾਂ, ਜੀਹਦੇ ਕਰਕੇ ਇਹ ਹਮੇਸ਼ਾਂ ਖੁਸ਼ ਰਹਿੰਦਾ ਏ, ਇਸ ਲਈ ਇਸ ਦੀ ਕੀਮਤ ਜ਼ਿਆਦਾ ਏ।"

ਬਜ਼ਾਰ ਵਿੱਚ ਇੱਕ ਸਮਝਦਾਰ ਆਦਮੀ ਨੇ ਸ਼ਿਕਾਰੀ ਨੂੰ 500 ਰੁਪਏ ਦੇ ਕੇ ਸ਼ਰੇਆਮ ਬਜ਼ਾਰ 'ਚ ਤਿੱਤਰ ਦੀ ਗਰਦਨ ਮਰੋੜ ਦਿੱਤੀ। ਜਦੋਂ ਕਿਸੇ ਨੇ ਪੁੱਛਿਆ ਕਿ "ਤੁਸੀਂ ਏਦਾਂ ਕਿਉਂ ਕੀਤਾ ?" ਤਾਂ ਓਹਦਾ ਜਵਾਬ ਸੀ, "ਦਗ਼ੇਬਾਜ਼ ਨੂੰ ਜਿਊਣ ਦਾ ਕੋਈ ਹੱਕ ਨਹੀਂ। ਜੋ ਆਵਦੇ ਲੋਭ ਲਈ ਆਪਣੇ ਭਾਈਚਾਰੇ ਨੂੰ ਫਸਾਉਣ ਦਾ ਕੰਮ ਕਰੇ ਤੇ ਆਪਣੇ ਹੀ ਲੋਕਾਂ ਨੂੰ ਧੋਖਾ ਦੇਵੇ, ਏਦਾਂ ਦੇ ਬੇਈਮਾਨਾਂ ਦਾ ਮਰ ਜਾਣਾ ਜ਼ਿਆਦਾ ਬਿਹਤਰ ਏ।"

ਸਿੱਖ ਕੌਮ ਵਿੱਚ ਇਹੋ ਜਿਹੇ ਹਜ਼ਾਰਾਂ ਲੋਕ ਨੇ ਜਿਹੜੇ ਸ਼ਰੇਆਮ ਸਿੱਖਾਂ ਨੂੰ ਦੁਸ਼ਮਣ ਦੇ ਜਾਲ਼ ਵਿੱਚ ਫਸਾਉਂਦੇ ਨੇ। ਭਾਰਤੀ ਹਕੂਮਤੀ ਨਿਜ਼ਾਮ ਉਹਨਾਂ ਨੂੰ ਵਧੀਆ ਸਰਕਾਰੀ ਅਹੁਦੇ, ਕਰੋੜਾਂ ਪੈਸੇ, ਕਾਰਾਂ-ਕੋਠੀਆਂ ਤੇ ਹੋਰ ਬਥੇਰੀਆਂ ਚੀਜ਼ਾਂ ਦਿੰਦਾ ਹੈ ਤੇ ਉਹ ਵੱਧ ਤੋਂ ਵੱਧ ਸਿੱਖਾਂ ਨੂੰ ਫਸਾ ਰਹੇ ਹਨ। ਸਭ ਤੋਂ ਖਤਰਨਾਕ ਉਹ ਨੇ ਜਿਨ੍ਹਾਂ ਨੂੰ ਹਾਕਮ ਖੁੱਲ੍ਹ ਦਿੰਦਾ ਹੈ ਕਿ ਸਿੱਖਾਂ ਨੂੰ ਫਸਾਉਣ ਲਈ ਤੁਸੀਂ ਭਰਮ-ਭੇਖ ਵੀ ਬਣਾਈ ਰੱਖੋ, ਸਿੱਖਾਂ ਦੀਆਂ ਸੰਸਥਾਵਾਂ ਅਤੇ ਸੰਪਰਦਾਵਾਂ ਉੱਤੇ ਵੀ ਕਾਬਜ ਰਹੋ, ਅਕਾਲੀ ਤੇ ਪੰਥਕ ਬਣਨ ਦੇ ਡਰਾਮੇ ਵੀ ਕਰੀ ਚੱਲੋ, ਧਾਰਮਿਕ ਬਾਣਾ ਪਾ ਕੇ ਰੱਖੋ ਤੇ ਸਾਡੇ ਨਾਲ ਖੜ੍ਹ ਕੇ ਸਾਡੀ ਸਿਆਸਤ ਚਮਕਾਓ, ਲੋੜ ਪਵੇ ਤਾਂ ਸਿੱਖ ਇੱਕ ਵੱਖਰੀ ਕੌਮ ਅਤੇ ਸਿੱਖੀ ਮਰਯਾਦਾ ਦੀ ਗੱਲ ਵੀ ਕਰ ਲਵੋ ਪਰ ਕੰਮ ਸਾਰੇ ਹਿੰਦੂਆਂ ਵਾਲੇ ਅਤੇ ਗੁਰਮਤਿ ਵਿਰੁੱਧ ਕਰੋ-ਕਰਾਓ, ਬਾਕੀ ਸਿਆਸੀ ਪਾਰਟੀਆਂ ਦੀ ਧੱਕੇਸ਼ਾਹੀ ਅਤੇ ਜ਼ੁਲਮਾਂ ਦੀ ਗੱਲ ਕਰੋ ਪਰ ਸਾਡੇ ਸਿਰਫ ਸੋਹਿਲੇ ਗਾਓ ਤੇ ਵੱਧ ਤੋਂ ਵੱਧ ਸਿੱਖਾਂ ਤੇ ਪੰਜਾਬੀਆਂ ਨੂੰ ਮੂਰਖ ਬਣਾਓ, ਸਾਡੇ ਵੱਲੋਂ ਕੀਤੇ ਨੁਕਸਾਨਾਂ ਦੀ ਜਗ੍ਹਾ ਲਾਭ ਗਿਣਾਓ ਤੇ ਆਪਣੇ ਹੀ ਜਰਨੈਲਾਂ ਤੇ ਆਗੂਆਂ ਨੂੰ ਭੰਡ ਕੇ ਲੋਕਾਂ ਦੀਆਂ ਨਜ਼ਰਾਂ 'ਚ ਦੋਸ਼ੀ ਬਣਾਓ, ਵੱਖਰੇ ਸਿੱਖ ਰਾਜ ਦੀ ਗੱਲ ਕਰਨ ਵਾਲੇ ਪੰਥ-ਪ੍ਰਸਤ ਸਿੱਖਾਂ ਨੂੰ ਨਕਾਰ ਕੇ ਤੇ ਬਦਨਾਮ ਕਰਕੇ ਸਿੱਖ ਕੌਮ ਨੂੰ ਭਾਰਤੀ ਰੱਥ 'ਤੇ ਚੜ੍ਹਾਓ ਤੇ ਸਿੱਖਾਂ ਦੀ ਗ਼ੁਲਾਮੀ ਹੋਰ ਪੱਕੀ ਕਰਕੇ ਵੱਡੇ ਇਨਾਮ ਪਾਓ।

ਹੁਣ ਤੁਸੀਂ ਸਮਝ ਹੀ ਗਏ ਹੋਵੋਗੇ ਕਿ ਦੁਸ਼ਮਣਾਂ ਤੋਂ ਵੀ ਵੱਧ ਗੱਦਾਰ ਖ਼ਤਰਨਾਕ ਨੇ ਤੇ ਇਹੀ ਕੁਝ ਸਿੱਖ ਕੌਮ ਅਤੇ ਪੰਜਾਬ ਨਾਲ ਹੋ ਰਿਹਾ ਹੈ। ਇਸ ਲਈ ਸਾਨੂੰ ਗੱਦਾਰਾਂ ਦੀ ਪਛਾਣ ਕਰਕੇ ਸਭ ਤੋਂ ਪਹਿਲਾਂ ਇਹਨਾਂ ਦੀ ਹੀ ਧੌਣ ਮਰੋੜਨੀ ਚਾਹੀਦੀ ਹੈ, ਨਹੀਂ ਤਾਂ ਇਹ ਗੱਦਾਰ ਹੋਰ ਗਦਾਰ ਪੈਦਾ ਕਰ-ਕਰ ਕੇ ਸਿੱਖ ਕੌਮ ਅਤੇ ਪੰਜਾਬ ਦੀ ਪਿੱਠ 'ਚ ਛੁਰੇ ਖੋਭਦੇ ਰਹਿਣਗੇ। "ਬਰਬਾਦ ਗੁਲਿਸਤਾਂ ਕਰਨੇ ਕੋ, ਏਕ ਹੀ ਉਲੂ ਕਾਫੀ ਥਾ, ਹਰ ਸ਼ਾਖ ਪੇ ਉੱਲੂ ਬੈਠਾ ਹੈ, ਅੰਜ਼ਾਮ ਏ ਗੁਲਿਸਤਾਂ ਕਿਆ ਹੋਗਾ।"

## ਵਪਾਰੀਆਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਵਚਨਬੱਧ ਪੰਜਾਬ ਸਰਕਾਰ-ਨੀਨਾ ਮਿੱਤਲ

### ਟ੍ਰੇਡਰ ਕਮਿਸ਼ਨ ਦੀ ਹਲਕਾ ਰਾਜਪੁਰਾ ਦੇ ਵਪਾਰੀਆਂ ਨਾਲ ਬੈਠਕ 'ਚ ਅਹਿਮ ਮੁੱਦਿਆਂ 'ਤੇ ਚਰਚਾ

### ਭਗਵੰਤ ਮਾਨ ਸਰਕਾਰ ਵਪਾਰੀਆਂ ਦੇ ਹਿਤਾਂ ਦੀ ਰਾਖੀ ਲਈ ਤਤਪਰ- ਧਮੋਲੀ, ਟਿੰਕੂ ਬਾਂਸਲ




ਰਾਜਪੁਰਾ, 26 ਮਾਰਚ : ਟ੍ਰੇਡਰ ਕਮਿਸ਼ਨ ਦੀ ਹਲਕਾ ਰਾਜਪੁਰਾ ਦੇ ਵਪਾਰੀਆਂ ਨਾਲ ਮਹਿੰਦਰ ਗੰਜ ਬਾਜ਼ਾਰ ਪੁਰਾਣਾ ਬੱਸ ਸਟੈਂਡ ਮਾਰਕਿਟ ਰਾਜਪੁਰਾ ਵਿੱਚ ਟ੍ਰੇਡਰ ਕਮਿਸ਼ਨ ਦੇ ਚੇਅਰਮੈਨ ਟਿੰਕੂ ਬਾਂਸਲ ਦੀ ਅਗਵਾਈ ਵਿੱਚ ਮੀਟਿੰਗ ਹੋਈ।

ਇਸ ਮੀਟਿੰਗ ਵਿੱਚ ਐਮਐਲ ਏ ਨੀਨਾ ਮਿੱਤਲ ਅਤੇ ਟ੍ਰੇਡਰ ਕਮਿਸ਼ਨ ਦੇ ਜ਼ਿਲ੍ਹਾ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਹੇਠਲੇ ਪੱਧਰ 'ਤੇ ਹੀ ਤੁਰੰਤ ਹੱਲ ਕਰਨ ਲਈ ਵਚਨਬੱਧ ਹੈ। ਧਮੋਲੀ ਨੇ ਕਿਹਾ ਹੈ ਭਗਵੰਤ ਮਾਨ ਸਰਕਾਰ ਵਪਾਰੀਆਂ ਦੇ ਹਿਤਾਂ ਦੀ ਰਾਖੀ ਲਈ ਤਤਪਰ ਹੈ।

ਇਸ ਮੀਟਿੰਗ ਵਿੱਚ ਵਪਾਰੀਆਂ ਨੇ ਆਪਣੀ ਸਮੱਸਿਆਵਾਂ ਦੱਸੀਆਂ, ਜਿਸ 'ਤੇ ਐੱਸ ਡੀ ਐੱਮ ਨਮਨ ਮਾਰਕਨ ਅਤੇ ਡੀ ਐੱਸ ਪੀ ਮਨਜੀਤ ਸਿੰਘ ਨੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਕਿ ਉਹ ਰਾਜਪੁਰਾ ਦੇ ਬਜ਼ਾਰਾਂ ਵਿੱਚ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ। ਵਪਾਰੀਆਂ ਨੇ ਸਫਾਈ ਪ੍ਰਬੰਧ, ਟ੍ਰੈਫਿਕ ਸਮੱਸਿਆਵਾਂ, ਪਾਰਕਿੰਗ ਦੀ ਕਮੀ ਤੇ ਬੁਨਿਆਦੀ ਢਾਂਚੇ ਦੇ ਸੁਧਾਰ ਸਬੰਧੀ ਆਪਣੀਆਂ ਚਿੰਤਾਵਾਂ ਰੱਖੀਆਂ।

ਟ੍ਰੇਡਰ ਕਮਿਸ਼ਨ ਦੇ ਚੇਅਰਮੈਨ ਟਿੰਕੂ ਬਾਂਸਲ ਨੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਅਤੇ ਸੰਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਬੈਠਕ ਦੌਰਾਨ ਐਡਵੋਕੇਟ ਲਵਿਸ਼ ਮਿੱਤਲ, ਵਪਾਰ ਮੰਡਲ ਦੇ ਪ੍ਰਧਾਨ ਰਾਮੇਸ਼ ਪਾਹੂਜਾ, ਗਗਨ ਖੁਰਾਨਾ, ਦਾਰਾ ਸਿੰਘ, ਸੋਹਣਾ ਗਾਰਮੈਂਟਸ, ਰਿੰਪੀ, ਲੱਕੀ ਮੈਨਰੋ, ਰਾਕੇਸ਼ ਮੈਨਰੋ, ਪਰਵਿੰਦਰ ਸਿੰਘ, ਮਨੋਜ ਸਮੇਤ ਟ੍ਰੇਡਰ ਕਮਿਸ਼ਨ ਦੇ ਮੈਂਬਰ ਬਿਕਰਮ ਸਿੰਘ, ਜਸਵਿੰਦਰ ਸਿੰਘ ਸੁਨੇਜਾ, ਮਨੀਸ਼ ਸ਼ਰਮਾ, ਮੁਕੇਸ਼ ਗੁਪਤਾ, ਅਸ਼ੋਕ ਕੁਮਾਰ ਤੇ ਸੰਗਠਨ ਇੰਚਾਰਜ ਰਿਤੇਸ਼ ਬਾਂਸਲ, ਸਚਿਨ ਮਿੱਤਲ ਮਹਿੰਦਰਗੰਜ ਮਾਰਕੀਟ ਪ੍ਰਧਾਨ ਜਸਬੀਰ ਸਿੰਘ ਚੀਮਾ, ਰਾਜੇਸ਼ ਬਾਵਾ, ਜਸਪ੍ਰੀਤ, ਰਤਨੇਸ਼ ਜਿੰਦਲ, ਪੰਕਜ ਲੂਥਰਾ, ਭਵਨ ਉਤਰੇਜਾ, ਰਾਮ ਸ਼ਰਨ, ਦਿਨੇਸ਼ ਪੁਰੀ, ਐਡਵੋਕੇਟ ਸੰਦੀਪ ਬਾਵਾ, ਅਮਨ ਸੈਣੀ, ਮੇਜਰ, ਨਿਤਿਨ ਪਹੁਜਾ, ਰਿਸ਼ੀ ਸ਼ਾਹੀ ਆਦਿ ਮੌਜੂਦ ਸਨ।